# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 25-11-2024**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਮੀਦ ਪ੍ਰਗਟਾਈ ਏ, ਕਿ ਸੰਸਦ ਦਾ ਸਰਦ ਰੁੱਤ ਇਜਲਾਸ ਲਾਹੇਵੰਦ ਰਹੇਗਾ ਅਤੇ ਇਸ ਵਿੱਚ ਉਸਾਰੂ ਵਿਚਾਰ-ਵਟਾਂਦਰੇ ਕੀਤੇ ਜਾਣਗੇ । ਸੰਸਦ ਇਜਲਾਸ ਤੋਂ ਪਹਿਲਾਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ, ਸ਼੍ਰੀ ਮੋਦੀ ਨੇ ਕਿਹਾ ਕਿ ਇਹ ਇਜਲਾਸ, ਸੰਵਿਧਾਨ ਦੇ 75 ਸਾਲ ਪੂਰੇ ਹੋਣ ਸਮੇਤ ਕਈ ਕਾਰਨਾਂ ਕਰਕੇ ਖਾਸ ਹੋਵੇਗਾ। ਉਨ੍ਹਾਂ ਕਿਹਾ, ਇਹ ਇਜਲਾਸ, ਲੋਕਰਾਜ ਲਈ ਇੱਕ ਸ਼ਾਨਦਾਰ ਮੀਲ ਪੱਥਰ ਏ । ਵਿਰੋਧੀ ਧਿਰ ਦੀ ਨੁਕਤਾਚੀਨੀ ਕਰਦੇ ਹੋਏ, ਪ੍ਰਧਾਨ ਮੰਤਰੀ ਨੇ ਕਿਹਾ ਕਿ ਜਨਤਾ ਵਲੋਂ ਨਕਾਰੇ ਗਏ ਚੋਣਵੇਂ ਲੋਕ, ਹਫੜਾ-ਦਫੜੀ ਮਚਾ ਕੇ ਸੰਸਦ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਨੇ। ਉਨ੍ਹਾਂ ਕਿਹਾ ਕਿ ਸੰਸਦ ਦੇ ਸਮੇਂ ਨੂੰ, ਭਾਰਤ ਦੇ ਆਲਮੀ

ਵੱਕਾਰ ਅਤੇ ਸਨਮਾਨ ਨੂੰ ਵਧਾਉਣ ਲਈ ਵਰਤਿਆ ਜਾਣਾ ਚਾਹੀਦਾ ਏ ।

---------------------------------------------

ਖ਼ੁਸ਼ਹਾਲ ਫੌਜੀ ਵਿਰਾਸਤ ਲਈ ਪ੍ਰਸਿਧ ਸ਼ਹਿਰ ਪੁਣੇ, 15 ਜਨਵਰੀ 2 ਹਜਾਰ 25 ਨੂੰ ਪਹਿਲੀ ਵਾਰ, ਸੈਨਾ ਦਿਵਸ ਪਰੇਡ ਦੀ ਮੇਜ਼ਬਾਨੀ ਕਰਨ ਲਈ ਤਿਆਰ ਏ ਜੋ ਕਿ ਇਤਿਹਾਸਿਕ ਮੀਲ ਪਥਰ ਸਾਬਤ ਹੋਵੇਗੀ। ਭਾਰਤੀ ਫੌਜ ਨੇ ਗੋਆ ਵਿਚ ਜਾਰੀ ਭਾਰਤੀ ਕੌਮਾਂਤਰੀ ਫਿਲਮ ਉਤਸਵ (ਇਫੀ) ਦੌਰਾਨ ਆਗਾਮੀ ਪਰੇਡ ਲਈ ਪ੍ਰਚਾਰ ਵੀਡੀਓ ਜਾਰੀ ਕੀਤਾ ਏ, ਜਿਸ ਨੂੰ ਸਿਨੇ ਪ੍ਰੇਮੀਆਂ, ਅੰਤਰਰਾਸ਼ਟਰੀ ਪ੍ਰਤੀਨਿਧੀਆਂ ਤੇ ਉਦਯੋਗ ਜਗਤ ਦੇ ਪ੍ਰਮੁਖ ਲੋਕਾਂ ਤੋਂ ਚੰਗਾ ਹੁੰਗਾਰਾ ਮਿਲਿਆ ਏ।ਸਾਲ 1949 ਵਿਚ ਭਾਰਤੀ ਫੌਜ ਦੇ ਪਹਿਲੇ ਭਾਰਤੀ ਕਮਾਂਡਰ-ਇਨ ਚੀਫ਼ ਦੇ ਰੂਪ ਵਿਚ ਫੀਲਡ ਮਾਰਸ਼ਲ ਕੇ. ਐੱਮ ਕਰਿਅੱਪਾ ਦੀ ਨਿਯੁਕਤੀ ਦੀ ਯਾਦ ਵਿਚ ਸੈਨਾ ਦਿਵਸ ਪਰੇਡ (ਆਰਮੀ ਡੇ ਪਰੇਡ) ਕੀਤੀ ਜਾਂਦੀ ਏ, ਜੋ ਕਿ ਆਜ਼ਾਦੀ ਤੋਂ ਬਾਅਦ ਦੇ ਭਾਰਤ ਦੀ ਮਿਲਿਟਰੀ

ਲੀਡਰਸ਼ਿਪ ਦਾ ਪ੍ਰਤੀਕ ਹੈ। ਸੰਨ 2025 ਦੀ ਪਰੇਡ ਲਈ ਪੁਣੇ ਦੀ ਚੋਣ ਸ਼ਹਿਰ ਦੇ ਹਥਿਆਰਬੰਦ ਬਲਾਂ ਦੇ ਨਾਲ ਇਤਿਹਾਸਿਕ ਸਬੰਧਾਂ ਤੇ ਭਾਰਤੀ ਸੈਨਾ ਦੀ ਦੱਖਣੀ ਕਮਾਂਡ ਦੇ ਮੁੱਖ ਦਫ਼ਤਰ ਦੇ ਰੂਪ ਵਿੱਚ ਇਸ ਦੀ ਭੂਮਿਕਾ ਨੂੰ ਦਰਸਾਉਂਦੀ ਹੈ।

---------------------------------------------------

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ ਮੰਤਰੀ, ਪੰਜਾਬ ਡਾ. ਬਲਬੀਰ ਸਿੰਘ ਵੱਲੋਂ ਮੁਹਾਲੀ ਦੇ ਸਿਵਲ ਹਸਪਤਾਲ ਫੇਜ਼-6 ਤੋਂ 2 ਬਲੱਡ ਕੁਲੈਕਸ਼ਨ ਤੇ ਟ੍ਰਾਂਸਪੋਰਟੇਸ਼ਨ ਵੈਨਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ ਅਤੇ ਸਿਵਲ ਹਸਪਤਾਲ ਮੋਹਾਲੀ ਵਿਖੇ ਬਲੱਡ ਸੈਂਟਰ ਨੂੰ ਅਪਗ੍ਰੇਡ ਕਰਕੇ ਬਲੱਡ ਕੰਪੋਨੈਂਟ ਸੈਪਰੇਸ਼ਨ ਯੂਨਿਟ ਸਥਾਪਿਤ ਕਰਨ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਤੇ ਵਿਸ਼ੇਸ਼ ਸਕੱਤਰ ਸਿਹਤ ਕਮ ਪ੍ਰੋਜੈਕਟ ਡਾਇਰੈਕਟਰ, ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਸ਼੍ਰੀ ਵਰਿੰਦਰ ਕੁਮਾਰ ਸ਼ਰਮਾ ਅਤੇ ਮੈਡੀਕਲ ਕਾਲਜ ਮੁਹਾਲੀ ਦੀ ਪ੍ਰਿੰਸੀਪਲ ਡਾਇਰੈਕਟਰ ਡਾ. ਵਿਭਾ ਭਾਰਤੀ ਵਿਸ਼ੇਸ਼ ਤੌਰ ਤੇ ਮੌਜੂਦ

ਰਹੇ । ਡਾ. ਬਲਬੀਰ ਸਿੰਘ ਨੇ ਦਸਿਯਾ ਕਿ ਇਹ 2 ਬਲੱਡ ਕੁਲੈਕਸ਼ਨ ਤੇ ਟ੍ਰਾਂਸਪੋਰਟੇਸ਼ਨ ਵੈਨਾਂ ਜ਼ਿਲ੍ਹਾ ਮੋਹਾਲੀ ਅਤੇ ਲੁਧਿਆਣਾ ਵਿੱਚ ਚਲਾਈਆਂ ਜਾਣਗੀਆਂ। ਇਨ੍ਹਾਂ ਵੈਨਾਂ ਵਿੱਚ 2 ਵਿਅਕਤੀਆਂ ਦੇ ਖ਼ੂਨਦਾਨ ਅਤੇ ਇਨ੍ਹਾਂ ਵੈਨਾਂ ਰਾਹੀਂ ਬਲੱਡ ਟ੍ਰਾਂਸਪੋਰਟੇਸ਼ਨ ਕਰਨ ਦੀ ਸੁਵਿਧਾ ਦਿੱਤੀ ਗਈ ਹੈ ਅਤੇ ਇਕ ਸਮੇਂ ਤੇ ਦੋ ਵਿਅਕਤੀ ਖ਼ੂਨ ਦਾਨ ਕਰ ਸਕਦੇ ਹਨ। ਇਸ ਵਿੱਚ ਇਕੱਠੇ ਕੀਤੇ ਹੋਏ ਖ਼ੂਨ ਦੇ ਰੱਖਰਖਾਵ ਦਾ ਧਿਆਨ ਰੱਖਿਆ ਗਿਆ ਹੈ।

---------------------------------------------------

ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ‘ਤੇ ਡੇਢ ਕਰੋੜ ਰੁਪਏ ਦਾ ਸੋਨਾ ਬਰਾਮਦ ਹੋਇਆ ਏ। ਇਹ ਸੋਨਾ ਕਸਟਮ ਵਿਭਾਗ ਨੇ ਦੁਬਈ ਤੋਂ ਪਰਤੇ ਯਾਤਰੀ ਤੋਂ ਜ਼ਬਤ ਕੀਤਾ ਏ। ਉਸ ਨੂੰ ਕਸਟਮ ਵਿਭਾਗ ਨੇ ਸ਼ੱਕ ਦੇ ਆਧਾਰ ‘ਤੇ ਕਾਬੂ ਕਰ ਲਿਆ। ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤਸਰ ਏਅਰਪੋਰਟ ‘ਤੇ ਦੁਬਈ ਤੋਂ ਆਈ ਫਲਾਈਟ ‘ਚ ਸਵਾਰ ਯਾਤਰੀ ਲੁਕੋ ਕੇ 2 ਕਿੱਲੋ ਦੇ ਲਗਭਗ ਸੋਨਾ ਲੈ ਕੇ ਆਇਆ ਸੀ। ਚੈਕਿੰਗ ਯਾਤਰੀ ਦੀ  ਜ਼ਬਤ

ਕੀਤੇ ਗਏ ਸੋਨੇ ਦੀ ਕੀਮਤ ਕਰੀਬ ਡੇਢ ਕਰੋੜ ਰੁਪਏ ਦਸੀ ਗਈ ਏ।

---------------------------------------------------

ਨਵੰਬਰ ਮਹੀਨੇ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਏ। ਇਸ ਦੇ ਬਾਵਜੂਦ ਨਾ ਤਾਂ ਠੰਢ ਆਪਣਾ ਪੂਰਾ ਅਸਰ ਦਿਖਾ ਰਹੀ ਹੈ ਤੇ ਨਾ ਮੀਂਹ ਪੈ ਰਿਹਾ ਏ। ਪੰਜਾਬ ਦਾ ਘੱਟੋ-ਘੱਟ ਤਾਪਮਾਨ ਆਮ ਨਾਲੋਂ 2 ਅਸ਼ਾਰੀਆ 9 ਡਿਗਰੀ ਤੇ ਚੰਡੀਗੜ੍ਹ ਦਾ ਤਾਪਮਾਨ 1 ਡਿਗਰੀ ਵੱਧ ਪਾਇਆ ਗਿਆ ਏ। ਇਸ ਦੌਰਾਨ ਪੰਜਾਬ ਵਿੱਚ ਪ੍ਰਦੂਸ਼ਣ ਦਾ ਪੱਧਰ ਘਟਦਾ ਜਾ ਰਿਹਾ ਏ ਪਰ ਚੰਡੀਗੜ੍ਹ ਦੀ ਸਥਿਤੀ ਹਾਲੇ ਵੀ ਚਿੰਤਾਜਨਕ ਬਣੀ ਹੋਈ ਏ। ਮੌਸਮ ਵਿਗਿਆਨ ਕੇਂਦਰ ਮੁਤਾਬਕ ਪੰਜਾਬ ਵਿਚ ਨਵੰਬਰ ਮਹੀਨੇ ਮੀਂਹ ਦੀ ਕੋਈ ਸੰਭਾਵਨਾ ਨਹੀਂ ਭਾਵ ਮੌਸਮ ਖੁਸ਼ਕ ਰਹੇਗਾ। ਇਸ ਦੇ ਨਾਲ ਹੀ ਪੰਜਾਬ ਤੇ ਚੰਡੀਗੜ੍ਹ ਵਿੱਚ ਅਗਲੇ ਦੋ ਦਿਨਾਂ ਤੱਕ ਧੁੰਦ ਨੂੰ ਲੈ ਕੇ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਏ ਪਰ 27 ਨਵੰਬਰ ਤੋਂ ਪੰਜਾਬ ਦੇ ਕੁਝ ਇਲਾਕਿਆਂ ਵਿਚ ਇੱਕ ਵਾਰ

ਫਿਰ ਧੁੰਦ ਪੈਣ ਦੀ ਸੰਭਾਵਨਾ ਏ ਜਿਸ ਦਾ ਅਸਰ ਕੁਝ ਦਿਨਾਂ ਤੱਕ ਰਹੇਗਾ।

---------------------------------------------------

ਸਿੱਖਿਆ ਵਿਭਾਗ ਵੱਲੋਂ 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਤਹਿਤ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਅਜ ਤੋਂ ਸ਼ੁਰੂ ਹੋ ਰਹੇ ਨੇ, ਤੇ 30 ਨਵੰਬਰ ਤੱਕ ਸਰਕਾਰੀ ਸ਼ੂਟਿੰਗ ਰੇਂਜ, ਫੇਸ 6, ਮੋਹਾਲੀ ਵਿਖੇ ਕਰਵਾਏ ਜਾ ਰਹੇ ਨੇ। ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਗਿੰਨੀ ਦੁੱਗਲ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿਚ ਅੰਡਰ 14, 17 ਅਤੇ 19 ਸਾਲ ਦੇ ਲੜਕੇ/ਲੜਕੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਨਾਂ ਸੂਬਾਈ ਮੁਕਾਬਲਿਆਂ ‘ਚ 600 ਦੇ ਕਰੀਬ ਖਿਡਾਰੀਆਂ ਦੇ ਹਿਸਾ ਲੈਣ ਦੀ ਸੰਭਾਵਨਾ ਏ।

HS